# ਸਲਫ਼ਾਮੀਥੋਕਸਾਜ਼ੋਲ/ਟਰਾਈਮੀਥੋਪਰਿਮ SULFAMETHOXAZOLE/TRIMETHOPRIM

- ਇਸ ਨੂੰ ਸੈਪਟਰਾ®, ਸਲਫਾਟਰਿਮ®, ਬੈਕਟਰਿਮ®, ਕੋਟਰੀਮੋਕਸਾਜ਼ੋਲ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।
- ਇਸ ਦਵਾਈ ਦੀਆਂ ਖਾਣ ਲਈ ਗੋਲੀਆਂ ਅਤੇ ਜੇ ਜ਼ਰੂਰਤ ਹੋਵੇ ਤਾਂ ਖਾਸ ਤੌਰ ਤੇ ਬਣਾਇਆ ਤਰਲ ਮਿਲਦਾ ਹੈ।
- ਇਹ ਦਵਾਈ ਬੀ.ਸੀ. ਟ੍ਰਾਂਪਲਾਂਟ ਵੱਲੋਂ ਨਹੀਂ ਦਿੱਤੀ ਜਾਂਦੀ ਅਤੇ ਤੁਸੀਂ ਆਪਣੀ ਮਰਜ਼ੀ ਦੀ ਡਿਸਪੈਂਸਰੀ ਤੋਂ ਖ਼ਰੀਦ ਸਕਦੇ ਹੋ।

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

ਇਸ ਦਵਾਈ ਦੇ ਕਈ ਬਰਾਂਡ ਹਨ ਤੁਹਾਡੀ ਦਵਾਈ ਸ਼ਾਇਦ ਹੇਠਾਂ ਦਿਖਾਏ ਚਿੱਤਰ ਵਾਂਗ ਸ਼ਾਇਦ ਬਿਲਕੁਲ ਦਿਖਾਈ ਨਾ ਦੇਵੇ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ ਤਾਂ ਆਪਣੇ ਟ੍ਰਾਂਸਪਲਾਂਟ ਵਾਲੇ ਫਾਰਮਾਸਿਸਟ ਨੂੰ ਪੁੱਛੋ।

| ਸ਼ਲਫ਼ਾਮੀਥੋਕਸਾਜ਼ੋਲ/ਟਰਾਈਮੀਥੋਪਰਿਮ ਗੋਲੀ (ਸਿੰਗਲ ਤਾਕਤ) | ਸ਼ਲਫ਼ਾਮੀਥੋਕਸਾਜ਼ੋਲ/ਟਰਾਈਮੀਥੋਪਰਿਮ ਗੋਲੀ (ਦੂਗਣੀ ਤਾਕਤ) |
|---|---|
|  |  |

## ਇਹ ਦਵਾਈ ਕਿਸ ਲਈ ਹੈ? What is this medication for?

ਇਹ ਮਿਸ਼ਰਤ ਐਂਟੀਬਾਇਟਿਕ ਹੈ ਜੋ ਫੰਗਸ ਤੋਂ ਹੋਣ ਵਾਲੀ ਫੇਫੜਿਆਂ ਦੀ ਇਨਫੈਕਸ਼ਨ PCP ਜਾਂ PJP ਨੂੰ ਰੋਕਣ ਜਾਂ ਇਲਾਜ ਕਰਨ ਲਈ ਵਰਤੀ ਜਾਂਦੀ ਹੈ। ਇਹ ਇਨਫੈਕਸ਼ਨ ਕਮਜ਼ੋਰ ਇਮਿਊਨ ਸਿਸਟਮ ਵਾਲੇ ਮਰੀਜ਼ਾਂ (ਮਿਸਾਲ ਲਈ ਜਿਨ੍ਹਾਂ ਦੇ ਅੰਗ ਬਦਲੇ ਗਏ ਹਨ) ਨੂੰ ਆਮ ਹੋ ਜਾਂਦੀ ਹੈ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

| | | |
|---|---|---|
| | ਇਹ ਦਵਾਈ ਦਿਨ ਵਿਚ **ਇੱਕ ਵਾਰ** ਲਵੋ<br>(ਮਿਸਾਲ ਲਈ ਰੋਜ਼ 9 ਵਜੇ ਸੁਭਾ) | ਤੁਹਾਡੀ ਦਵਾਈ ਦਾ ਟਾਈਮ: _______________ |
| | ਜੇ ਤੁਸੀਂ ਇਹ ਦਵਾਈ ਹਫ਼ਤੇ ਵਿਚ 3 ਵਾਰ ਲੈਂਦੇ ਹੋ | ਤੁਹਾਡੀ ਦਵਾਈ ਲੈਣ ਦਾ ਸਮਾਂ ਅਤੇ ਦਿਨ ਵਾਰ: |

- ਇਹ ਦਵਾਈ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਿਨਾਂ ਲਈ ਜਾ ਸਕਦੀ ਹੈ।
- ਇਸ ਨੂੰ ਦਿਨ ਦੇ ਕਿਸੇ ਸਮੇਂ ਵੀ ਲਿਆ ਜਾ ਸਕਦਾ ਹੈ ਅਤੇ ਹੋਰ ਦਵਾਈਆਂ ਵਾਂਗ ਨਿਸ਼ਚਿਤ ਸਮੇਂ ਤੇ ਹੀ ਲੈਣੀ ਚਾਹੀਦੀ ਹੈ। ਸਰੀਰ ਵਿਚ ਦਵਾਈ ਦਾ ਸਤਰ ਇਕਸਾਰ ਰੱਖਣ ਲਈ ਇਸ ਨੂੰ ਹਰ ਰੋਜ਼ ਨਿਸ਼ਚਿਤ ਸਮੇਂ ਤੇ ਹੀ ਲਵੋ।
- ਦਵਾਈ ਨਾਲ ਪੂਰਾ ਗਲਾਸ ਪਾਣੀ ਦਾ ਪੀਓ। ਇਸ ਤਰ੍ਹਾਂ ਗੁਰਦਿਆਂ ਵਿਚ ਪੱਥਰੀ ਬਣਨੋ ਰੁਕਣ ਵਿਚ ਮਦਦ ਮਿਲਦੀ ਹੈ।

***ਚੇਤਾਵਨੀ*** **: ਇਹ ਦਵਾਈ ਸਲਫਾ ਸ਼੍ਰੇਣੀ ਦੀ ਹੈ ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਡਾਕਟਰ ਨੂੰ ਦਸੋ ਜੇ ਕਰ ਤੁਹਾਨੂੰ ਸਲਫਾ ਦਵਾਈਆਂ ਤੋਂ ਐਲਰਜੀ ਹੈ।**

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ 12 ਘੰਟਿਆਂ ਤੋਂ ਜ਼ਿਆਦਾ ਹੋ ਗਿਆ ਹੈ ਤਾਂ ਇਹ ਖ਼ੁਰਾਕ ਰਹਿਣ ਦਿਓ ਅਤੇ ਅਗਲੀ ਖ਼ੁਰਾਕ ਹੀ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| *ਬੁਰੇ ਪ੍ਰਭਾਵ Side Effect* | **ਇਲਾਜ Management** |
|---|---|
| *ਦਿਲ ਕੱਚਾ ਹੋਣਾ, ਉਲਟੀਆਂ, ਦਸਤ* | ਬੁਰੇ ਪ੍ਰਭਾਵ ਘਟ ਕਰਨ ਲਈ ਇਹ ਦਵਾਈ ਖਾਣੇ ਦੇ ਨਾਲ ਖਾਓ। ਜੇ ਲੱਛਣ ਪਰੇਸ਼ਾਨੀ ਵਾਲੇ ਹੋਣ ਜਾਂ ਲਗਾਤਾਰ ਰਹਿਣ ਤਾਂ ਆਪਣੇ ਡਾਕਟਰ ਨੂੰ ਦਸੋ। |
| *ਚੱਕਰ ਆਉਣੇ* | ਜੇ ਲੱਛਣ ਪਰੇਸ਼ਾਨੀ ਵਾਲੇ ਹੋਣ ਜਾਂ ਲਗਾਤਾਰ ਰਹਿਣ ਤਾਂ ਆਪਣੇ ਡਾਕਟਰ ਨੂੰ ਦਸੋ। |
| *ਧੁੱਪ ਤੋਂ ਸੰਵੇਦਨਸ਼ੀਲਤਾ* | ਬਾਹਰ ਧੁੱਪ ਵਿਚ ਟੋਪੀ ਪਾਓ, ਪੂਰੀ ਬਾਂਹ ਵਾਲੀ ਕਮੀਜ਼, ਲੰਮੀ ਪੈਂਟ ਜਾਂ ਸਕਰਟ ਪਹਿਨੋ। ਧੁੱਪ ਤੋਂ ਬਚਾਓ ਲਈ 30 SPF ਵਾਲਾ ਲੋਸ਼ਨ ਸਰੀਰ ਤੇ ਲਗਾਓ। |
| *ਚਮੜੀ ਤੇ ਰੈਸ਼ ਜਾਂ ਖ਼ਾਰਸ਼* | ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਸੂਚਿਤ ਕਰੋ। |